BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਨਾਈਟ੍ਰੋਫ਼ੂਐਨਟੋਇਨ
# Nitrofurantoin

ਨਾਈਟ੍ਰੋਫ਼ੂਐਨਟੋਇਨ (ਮੋਨੋਹਾਈਡ੍ਰੇਟ ਅਤੇ ਮਾਈਕ੍ਰੋਕ੍ਰਿਸਟਲ ਫ਼ਾਰਮੂਲੇਸ਼ਨ: ਮਾਈਕ੍ਰੋਬਿਡ - Macrobid®) ਇੱਕ ਐਂਟੀਬਾਇਓਟਿਕ ਹੈ ਜਿਸ ਦੀ ਵਰਤੋਂ ਪਿਸ਼ਾਬ ਨਲ਼ੀ ਦੇ ਹੇਠਲੇ ਹਿੱਸੇ ਵਿੱਚ ਹੋਈਆਂ ਇਨਫ਼ੈਕਸ਼ਨਾਂ ਦੇ ਇਲਾਜ ਵਾਸਤੇ ਕੀਤੀ ਜਾਂਦੀ ਹੈ।

## ਐਲਰਜੀਆਂ (Allergies)

- ਜੇ ਤੁਹਾਨੂੰ **ਨਾਈਟ੍ਰੋਫ਼ਿਊਰੈਨਟੋਇਨ** (ਮੈਕਰੋਬਿਡ - Macrobid®) ਜਾਂ **ਡੈਂਟ੍ਰੋਲੇਨ** (Dantrium® - ਡੈਂਟ੍ਰੀਅਮ) ਤੋਂ ਐਲਰਜੀ ਜਾਂ ਇਨ੍ਹਾਂ ਪ੍ਰਤੀ ਸੰਵੇਦਨਸ਼ੀਲਤਾ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।
- ਨਾਈਟ੍ਰੋਫ਼ਿਊਰੈਨਟੋਇਨ ਲੈਂਦੇ ਹੋਏ ਜੇ ਤੁਹਾਨੂੰ ਖਾਰਿਸ਼ ਹੋਵੇ, ਛਪਾਕੀਆਂ ਹੋ ਜਾਣ ਜਾਂ ਤੀਬਰ ਐਲਰਜਿਕ ਪ੍ਰਤੀਕਰਮ ਹੋਵੇ (ਚਿਹਰੇ, ਅੱਖਾਂ, ਹੱਥਾਂ ਅਤੇ ਪੈਰਾਂ ਦੀ ਸੋਜਿਸ਼, ਮੂੰਹ ਵਿੱਚ ਝੁਣਝੁਣੀ/ ਸੋਜਿਸ਼, ਛਾਤੀ ਵਿੱਚ ਜਕੜਨ, ਸਾਹ ਲੈਣ ਵਿੱਚ ਤਕਲੀਫ਼) ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਨਾਈਟ੍ਰੋਫ਼ਿਊਰੈਨਟੋਇਨ ਨੂੰ ਗਰਭਕਾਲ ਦੌਰਾਨ ਅੰਤਲੇ ਪੜਾਅ 'ਤੇ (ਗਰਭਕਾਲ ਦੇ 38 ਤੋਂ 42 ਹਫ਼ਤੇ), ਪ੍ਰਸੂਤ ਪੀੜਾ ਅਤੇ ਡਲਿਵਰੀ ਦੌਰਾਨ ਇਸਤੇਮਾਲ **ਨਹੀਂ** ਕਰਨਾ ਚਾਹੀਦਾ।
- ਜਿਹੜੀਆਂ ਔਰਤਾਂ ਇੱਕ ਮਹੀਨੇ ਤੋਂ ਘੱਟ ਉਮਰ ਵਾਲੇ ਬੱਚਿਆਂ ਨੂੰ ਦੁੱਧ ਚੁੰਘਾਉਂਦੀਆਂ ਹੋਣ ਉਨ੍ਹਾਂ ਨੂੰ ਨਾਈਟ੍ਰੋਫ਼ਿਊਰੈਨਟੋਇਨ **ਨਹੀਂ** ਲੈਣੀ ਚਾਹੀਦੀ।
- ਜਿਹੜੇ ਛੋਟੇ ਬੱਚਿਆਂ ਵਿੱਚ G6PD (ਜੀ6ਪੀਡੀ - ਗਲੂਕੋਸ-6-ਫ਼ੌਸਫ਼ੇਟ ਡੀਹਾਈਡ੍ਰੋਜੀਨੇਜ਼) ਕਮੀ ਹੋਵੇ ਅਤੇ ਜੇ ਉਨ੍ਹਾਂ ਦੀ ਨਿਗਰਾਨੀ ਉਪਲਬਧ ਨਾ ਹੋਵੇ ਤਾਂ ਉਨ੍ਹਾਂ ਨੂੰ ਨਾਈਟ੍ਰੋਫ਼ਿਊਰੈਨਟੋਇਨ **ਨਹੀਂ** ਦੇਣੀ ਚਾਹੀਦੀ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।
- **ਆਪਣੇ ਸਿਹਤ ਸੰਭਾਲ ਪ੍ਰਦਾਤਾ ਦੀ ਸਲਾਹ ਲਓ:**
  - ਜੇ ਤੁਹਾਨੂੰ ਗੁਰਦੇ ਦਾ ਰੋਗ ਜਾਂ ਪਿਸ਼ਾਬ ਸੰਬੰਧੀ ਸਮੱਸਿਆਵਾਂ ਹਨ (ਜਿਵੇਂ ਕਿ ਘੱਟ ਪਿਸ਼ਾਬ ਆਉਣਾ)।
  - ਜੇ ਤੁਹਾਨੂੰ ਜਿਗਰ ਦਾ ਰੋਗ ਹੈ, ਜਾਂ ਨਾਈਟ੍ਰੋਫ਼ਿਊਰੈਨਟੋਇਨ ਦੀ ਵਰਤੋਂ ਕਰਦੇ ਹੋਏ ਤੁਹਾਨੂੰ ਪਹਿਲਾਂ ਜਿਗਰ ਦੀਆਂ ਕੋਈ ਸਮੱਸਿਆਵਾਂ ਆਈਆਂ ਸਨ।
  - ਜੇ ਤੁਹਾਨੂੰ ਫੇਫੜਿਆਂ ਦਾ ਕੋਈ ਰੀਐਕਸ਼ਨ ਜਾਂ ਲੱਛਣ ਹੋਵੇ (ਆਮ ਕਮਜ਼ੋਰੀ ਜਾਂ ਬੇਅਰਾਮੀ, ਸਾਹ ਚੜ੍ਹਨਾ, ਖੰਘ, ਬੁਖ਼ਾਰ, ਕਾਂਬਾ ਛਿੜਨਾ, ਜਾਂ ਛਾਤੀ ਵਿੱਚ ਦਰਦ/ਦਬਾਅ)।
  - ਜੇ ਤੁਹਾਡੇ ਹੱਥਾਂ, ਬਾਹਾਂ, ਲੱਤਾਂ ਜਾਂ ਪੈਰਾਂ ਵਿੱਚ ਝੁਣਝੁਣੀ, ਸੁੰਨਤਾ ਜਾਂ ਜਲ਼ਣ ਹੋਵੇ। ਹੇਠਲੇ ਹਾਲਾਤ ਵਿੱਚ ਨਾਈਟ੍ਰੋਫ਼ਿਊਰੈਨਟੋਇਨ ਕਾਰਣ ਗੰਭੀਰ ਨਿਊਰੋਪੈਥੀ (ਨਸਾਂ ਦਾ ਨੁਕਸਾਨੇ ਜਾਣਾ) ਦੇ ਆਸਾਰ ਵਧ ਸਕਦੇ ਹਨ:
    - ਅਨੀਮੀਆ (ਖ਼ੂਨ ਵਿੱਚ ਲਾਲ ਸੈੱਲਾਂ ਦੀ ਘਾਟ)
    - ਗੁਰਦਾ ਰੋਗ
    - ਡਾਈਬੀਟੀਜ਼ (ਸ਼ੂਗਰ)
    - ਇਲੈਕਟ੍ਰੋਲਾਈਟ ਅਸੰਤੁਲਨ
    - ਵਿਟਾਮਿਨ ਬੀ ਦੀ ਘਾਟ
    - ਨਸਾਂ ਨੂੰ ਸੱਟ ਲੱਗਣ ਸੰਬੰਧੀ ਵਿਗਾੜ

# ਨਾਈਟ੍ਰੋਫ੍ਰਊਐਨਟੋਇਨ (ਚਲਦਾ)
# Nitrofurantoin (cont'd)

- ਜੇ ਤੁਹਾਨੂੰ ਬਹੁਤ ਜ਼ਿਆਦਾ ਦਸਤ ਲੱਗ ਜਾਣ

## ਮਾੜੇ ਪ੍ਰਭਾਵ (Side Effects)

ਤੁਹਾਡਾ ਸਿਰ ਦਰਦ ਹੋ ਸਕਦਾ ਹੈ, ਚੱਕਰ ਆ ਸਕਦੇ ਹਨ ਜਾਂ ਨਿਗ੍ਹਾ ਧੁੰਦਲੀ ਹੋ ਸਕਦੀ ਹੈ।

- ਜੀਅ ਕੱਚਾ ਹੋ ਸਕਦਾ ਹੈ, ਉਲਟੀਆਂ ਲੱਗ ਸਕਦੀਆਂ ਹਨ, ਪੇਟ ਖ਼ਰਾਬ ਜਾਂ ਦਰਦ ਹੋ ਸਕਦਾ ਹੈ।
- ਪਿਸ਼ਾਬ ਦੇ ਰੰਗ ਵਿੱਚ ਤਬਦੀਲੀਆਂ (ਗੂੜ੍ਹਾ ਰੰਗ, ਜ਼ੰਗ ਵਰਗਾ ਪੀਲ਼ਾ ਜਾਂ ਭੂਰਾ ਰੰਗ)।

## ਦਵਾਈਆਂ ਲੈਣ ਸੰਬੰਧੀ ਹਿਦਾਇਤਾਂ (Instructions for Taking)

- ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਲੱਛਣ ਭਾਵੇਂ ਘੱਟ ਵੀ ਹੋ ਜਾਣ, ਫ਼ਿਰ ਵੀ ਦਵਾਈ ਲੈਣ ਸੰਬੰਧੀ ਹਿਦਾਇਤਾਂ ਦੀ ਪਾਲਣਾ ਕਰਨੀ ਮਹੱਤਵਪੂਰਣ ਹੈ।
- ਪੇਟ ਖ਼ਰਾਬ ਹੋਣ ਤੋਂ ਬਚਣ ਲਈ ਇਹ ਦਵਾਈ ਭੋਜਨ ਜਾਂ ਦੁੱਧ ਨਾਲ ਲਓ।
- ਜੇ ਤੁਸੀਂ ਦਵਾਈ ਦੀ ਕੋਈ ਖ਼ੁਰਾਕ ਖੁੰਝਾ ਦਿਓ ਤਾਂ ਯਾਦ ਆਉਣ 'ਤੇ ਤੁਰੰਤ ਉਹ ਖ਼ੁਰਾਕ ਲਓ। ਪਰ, ਜੇ ਅਗਲੀ ਖ਼ੁਰਾਕ ਦਾ ਸਮਾਂ ਨੇੜੇ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਤੈਅ ਸਮਿਆਂ ਮੁਤਾਬਕ ਦਵਾਈ ਲੈਣੀ ਜਾਰੀ ਰੱਖੋ। ਦੁੱਗਣੀ ਖ਼ੁਰਾਕ ਨਾ ਲਓ।

## ਸਾਂਭ-ਸੰਭਾਲ ਸੰਬੰਧੀ ਹਿਦਾਇਤਾਂ (Storage Instructions)

- 20 ਅਤੇ 25°C ਵਿਚਕਾਰ ਕਮਰੇ ਦੇ ਤਾਪਮਾਨ 'ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਇਸਤੇਮਾਲ ਨਾ ਕਰੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

## ਵਿਸ਼ੇਸ਼ ਹਿਦਾਇਤਾਂ (Special Instructions)

- ਜੇ ਤੁਹਾਡੇ ਲੱਛਣ 3 ਦਿਨਾਂ ਦੇ ਅੰਦਰ-ਅੰਦਰ ਬਿਹਤਰ ਨਹੀਂ ਹੁੰਦੇ ਜਾਂ ਜੇ ਲੱਛਣ ਬਦਤਰ ਹੋਈ ਜਾਂਦੇ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।
- ਜੇ ਤੁਹਾਨੂੰ ਗੂੜ੍ਹੇ ਰੰਗ ਦਾ ਪਿਸ਼ਾਬ ਆਉਂਦਾ ਹੈ ਅਤੇ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਬਾਅਦ ਵੀ ਅਜਿਹਾ ਜਾਰੀ ਰਹਿੰਦਾ ਹੈ, ਫ਼ਿਕੇ ਪੀਲ਼ੇ ਰੰਗ ਦੀ ਟੱਟੀ ਆਉਂਦੀ ਹੈ, ਦਸਤ ਲੱਗਦੇ ਹਨ (ਟੱਟੀ ਵਿੱਚ ਖ਼ੂਨ ਆਉਣਾ ਵੀ ਸ਼ਾਮਲ ਹੈ), ਜੀਅ ਕੱਚਾ ਹੁੰਦਾ ਹੈ, ਉਲਟੀਆਂ ਆਉਂਦੀਆਂ ਹਨ, ਭੁੱਖ ਘੱਟ ਜਾਂਦੀ ਹੈ, ਢਿੱਡ ਦੇ ਉੱਪਰਲੇ ਹਿੱਸੇ ਵਿੱਚ ਦਰਦ ਹੁੰਦੀ ਹੈ, ਤੁਹਾਡੀ ਚਮੜੀ ਜਾਂ ਅੱਖਾਂ ਦਾ ਰੰਗ ਪੀਲ਼ਾ ਪੈ ਜਾਂਦਾ ਹੈ ਜਾਂ **ਸਾਵਧਾਨੀ** ਵਾਲੇ ਹਿੱਸੇ ਵਿੱਚ ਲਿਖੀਆਂ ਸਮੱਸਿਆਵਾਂ ਹੁੰਦੀਆਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।



Provincial Health Services Authority
Province-wide solutions.
Better health.

ACCREDITED • AGRÉÉ • CCHSA • CCASS

*A research and teaching centre affiliated with UBC*